# ਪਾਕਿਸਤਾਨੀ ਖ਼ਬਰਨਾਮਾ

**ਮੀਰ ਸ਼ਕੂਰ ਰਹਿਮਾਨ**
**ਸਦਰ**
**ਆਲ ਪਾਕਿਸਤਾਨ ਨਿਊਜ਼ਪੇਪਰ ਸੁਸਾਇਟੀ,**
**ਕਰਾਚੀ**

## ਮਜ਼ਮੂਨ: ਫੌਜੀ ਤਾਨਾਸ਼ਾਹ ਦੇ ਹੱਥੋਂ ਆਲ ਪਾਕਿਸਤਾਨ ਨਿਊਜ਼ਪੇਪਰ ਸੁਸਾਇਟੀ ਦਾ ਇਨਾਮ ਲੈਣ ਵਿਚ ਅਸਮਰੱਥਾ

ਪਿਆਰੇ ਮੀਰ ਸਾਹਿਬ,

ਮੈਂ ਆਲ ਪਾਕਿਸਤਾਨ ਨਿਊਜ਼ਪੇਪਰਜ਼ ਸੁਸਾਇਟੀ (ਏ.ਪੀ.ਐਨ.ਐਸ.) ਦਾ ਅਤੇ ਜਿਊਰੀ ਦੇ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਸੱਭ ਤੋਂ ਵਧੀਆ ਖੋਜ ਰਿਪੋਰਟ ਦੀ ਕੈਟਾਗਰੀ ਵਿਚ ਏ.ਪੀ.ਐਨ.ਐਸ. ਦਾ ਇਨਾਮ ਦੇਣ ਲਈ ਮੇਰਾ ਨਾਂ ਚੁਣਿਆਂ ਹੈ। ਲੇਕਿਨ, ਮੈਂ ਤੁਹਾਨੂੰ ਦੱਸ ਦੇਣਾ ਚਾਹਾਂਗਾ ਕਿ ਅਸੂਲਨ ਮੈਂ ਇਹ ਇਨਾਮ ਇਕ ਫ਼ੌਜੀ ਤਾਨਾਸ਼ਾਹ, ਜਨਰਲ ਪਰਵੇਜ਼ ਮੁਸ਼ੱਰਫ਼, ਦੇ ਹੱਥੋਂ ਲੈਣਾ ਸਵੀਕਾਰ ਨਹੀਂ ਕਰ ਸਕਦਾ ਜਿਹਨੇ ਸੰਵਿਧਾਨ ਦੀ ਮੁੜ ਮੁੜ ਕੇ ਉਲੰਘਣਾ ਕੀਤੀ ਹੈ ਤੇ ਮੁਲਕ ਦੇ ਸਰਬਉਚ ਕਾਨੂੰਨ ਦਾ ਕਦੇ ਕੋਈ ਸਤਿਕਾਰ ਨਹੀਂ ਕੀਤਾ।

ਮੇਰੇ ਖ਼ਿਆਲ ਅਨੁਸਾਰ ਪੱਤਰਕਾਰੀ ਇਕ ਆਦਰਯੋਗ ਪੇਸ਼ਾ ਹੈ ਜਿਹਦਾ ਅਸੂਲ ਹੈ ਆਪਣੇ ਖਿਆਲ ਜ਼ਾਹਰ ਕਰ ਸਕਣ ਦੀ ਅਜ਼ਾਦੀ ਤੇ ਪਹਿਰਾ ਦੇਣਾ। ਲੇਕਿਨ, ਇਹਦੇ ਬਿਲਕੁਲ ਉਲਟ, ਏ.ਪੀ.ਐਨ.ਐਸ. ਐਵਾਰਡ ਦੇਣ ਦੇ ਸਮਾਗਮ ਦਾ ਮੁਖ ਮਹਿਮਾਨ ਪੱਤਰਕਾਰੀ ਦੇ ਇਸ ਅਸੂਲ ਦੀ ਬਿਲਕੁਲ ਕਦਰ ਨਹੀਂ ਕਰਦਾ ਕਿਉਂਕਿ ਉਹ ਇਕ ਫੌਜੀ ਤਾਨਾਸ਼ਾਹ ਹੈ ਜਿਹਦਾ ਖ਼ਿਆਲ ਜ਼ਾਹਰ ਕਰਨ ਦੀ ਆਜ਼ਾਦੀ ਨਾਲ ਕੋਈ ਸਰੋਕਾਰ ਨਹੀਂ ਤੇ ਵੱਖਰੀ ਰਾਏ ਨੂੰ ਸਹਿਣ ਕਰਨਾ ਉਹਦੇ ਵੱਸ ਦਾ ਰੋਗ ਨਹੀਂ। ਇਸ ਕਰਕੇ, ਭਾਵੇਂ ਕਿ ਇਸ ਪੁਰਸਕਾਰ ਲਈ ਆਪਣੀ ਚੋਣ ਲਈ ਮੈਂ ਏ.ਪੀ.ਐਨ.ਐਸ. ਵਲੋਂ ਆਪਣਾ ਬਹੁਤ ਮਾਣ ਕੀਤਾ ਗਿਆ ਮਹਿਸੂਸ ਕਰਦਾ ਹਾਂ ਲੇਕਿਨ ਜੇ ਮੈਂ ਇਹ ਇਨਾਮ, 26 ਮਈ 2006 ਨੂੰ ਇਸਲਾਮਾਬਾਦ ਵਿਚ, ਜਨਰਲ ਮੁਸ਼ੱਰਫ਼ ਦੇ ਹੱਥੋਂ ਲੈਣਾ ਸਵੀਕਾਰ ਕਰ ਜਾਵਾਂ ਤਾਂ ਇਹ ਇਸ ਮਾਣਯੋਗ ਇਨਾਮ ਦੀ ਬੇਇਜ਼ਤੀ ਕਰਨ ਵਾਲੀ ਗੱਲ ਹੋਵੇਗੀ।

ਲੇਕਿਨ, ਮੈਂ ਆਪਣਾ ਇਹ ਇਨਾਮ ਹਾਸਲ ਕਰਨ ਦਾ ਮੌਕਾ ਨਹੀਂ ਛੱਡਣਾ ਚਾਹੁੰਦਾ ਤੇ ਇਨਾਮ ਵੰਡ ਦੇ ਮੌਕੇ ਕੋਈ ਤਮਾਸ਼ਾ ਵੀ ਨਹੀਂ ਖੜ੍ਹਾ ਕਰਨਾ ਚਾਹੁੰਦਾ। ਇਸ ਕਰਕੇ, ਮੇਰੀ ਅਰਜ਼ ਹੈ ਕਿ ਮਿਹਰਬਾਨੀ ਕਰਕੇ 26 ਮਈ ਦੇ ਇਨਾਮ ਸਮਾਗਮ ਵੇਲੇ ਮੈਨੂੰ ਮੇਰਾ ਇਨਾਮ ਏ.ਪੀ.ਐਨ.ਐਸ.ਦਾ ਸਦਰ ਆਪ ਦੇ ਦੇਵੇ ਜਾਂ ਕੋਈ ਹੋਰ ਪੱਤਰਕਾਰ ਦੇ ਦੇਵੇ। ਮੈਨੂੰ ਆਸ ਹੈ ਕਿ ਤੁਸੀਂ ਮੇਰੀ ਦਲੀਲ ਤੇ ਚੰਗੀ ਤਰ੍ਹਾਂ ਗੌਰ ਕਰੋਗੇ।

ਤੁਹਾਡਾ
ਅਮੀਰ ਮੀਰ

Dear Mir Sahib,

I would like to thank the All Pakistan Newspapers Society (APNS) and its jury members for having honoured me with the prestigious APNS award in the category of Best Investigative Report. However, I would like to inform you that as a matter of principle, I cannot receive the award from a military dictator General Pervez Musharraf who has violated the Constitution time and again and has no respect for the supreme law of the land.

I believe that journalism is a noble profession that implies freedom of _expression. On the contrary, however, the chief-guest of the APNS award ceremony has no respect for

the utter motto of journalism because of his being a military dictator who does not believe in freedom of _expression and cannot tolerate difference of opinion. Hence, although honoured much by the APNS, my receiving the award from the General on May 26, 2006 in Islamabad would add a twinge of disgrace to the spirit of the worthy APNS souvenir.

However, I do not want to relinquish the opportunity to receive my award and that also without creating any fuss in the ceremony. I therefore request you to kindly ensure that during the APNS award distribution ceremony on May 26, I am given my award either by the APNS President or by any other journalist. I hope my contention would be received in good faith.

Thank you

Amir Mir